# ਘਰੇਲੂ ਖਾਣ ਵਾਲੇ ਪਦਾਰਥਾਂ ਉਤੇ ਪੁਨਰ ਝਾਤ: ਨਿਊਜ਼ੀਲੈਂਡ ਵਿਚ ਖਾਣ ਵਾਲੇ ਪਦਾਰਥਾਂ ਬਾਰੇ ਕਿਸ ਤਰਾਂ ਕਾਨੂੰਨ ਬਣਦੇ ਹਨ, ਉਸ ਬਾਰੇ ਆਪਣੇ ਵਿਚਾਰ ਪਰਗਟ ਕਰਨ ਦਾ ਮੌਕਾ

## ਤੁਹਾਨੂੰ ਇਹ ਪੜਨ ਦੀ ਕਿਉਂ ਲੋੜ ਹੈ

ਨਿਊਜ਼ੀਲੈਂਡ ਵਿਚ ਖਾਣ ਵਾਲੇ ਪਦਾਰਥਾਂ ਦੇ ਹਰੇਕ ਪੱਖ ਬਾਰੇ, `ਨਿਊਜ਼ੀਲੈਂਡ ਖਾਣ ਵਾਲੇ ਪਦਾਰਥਾਂ ਦੀ ਸੁਰੱਖਿਆ ਦੀ ਸੰਸਥਾ` (New Zealand Food Safety Authority) ਵਲੋਂ, ਕਾਨੂੰਨੀ ਨਜ਼ਰ ਸਾਨੀ ਕੀਤੀ ਜਾ ਰਹੀ ਹੈ। ਅਗਰ ਆਪਦਾ ਖਾਣ ਵਾਲੇ ਪਦਾਰਥਾਂ ਨਾਲ ਕਿਸੇ ਵੀ ਕਿਸਮ ਦਾ ਵਾਸਤਾ ਪੈਂਦਾ ਹੈ, ਜਿਵੇਂ ਕਿ ਪੈਦਾ ਕਰਨ ਵਿੱਚ, ਤਿਆਰ ਕਰਨ ਵਿਚ, ਹੱਥ ਲਾਉਣ ਵਿੱਚ, ਵੰਡਣ ਵਿੱਚ, ਤਾਂ ਇਹ ਜਰੂਰੀ ਹੈ ਕਿ ਤੁਸੀਂ ਆਪਣੇ ਵਿਚਾਰ ਪਰਗਟ ਕਰੋ।

ਕਿਰਪਾ ਕਰਕੇ ਇਸ `ਬਰੋਸ਼ਰ` ਨੂੰ ਪੜੋ ਅਤੇ ਇਸ ਬਾਰੇ ਸੋਚੋ ਕਿ ਕੀ ਤੁਹਾਨੂੰ ਵਿਚਾਰ-ਵਟਾਂਦਰੇ ਦੇ ਕਾਗਜ਼ ਪੱਤਰਾਂ ਦੀ ਕਾਪੀ ਦੀ ਲੈਣ ਦੀ ਲੋੜ ਹੈ। ਇਹ ਕਾਪੀਆਂ ਮੁਫਤ ਮਿਲਦੀਆਂ ਹਨ। ਸੰਪਰਕ ਪੈਦਾ ਕਰਨ ਦੇ ਵੇਰਵੇ ਸਭ ਤੋਂ ਪਿਛਲੇ ਸਫੇ ਤੇ (ਦੇਖੋ `ਆਪਣੇ ਵਿਚਾਰ ਪਰਗਟ ਕਰੋ`) ਦਿੱਤੇ ਗਏ ਹਨ।

`ਘਰੇਲੂ ਖਾਣ ਵਾਲੇ ਪਦਾਰਥਾਂ ਉਤੇ ਮੁੜ ਵਿਚਾਰ`, ਮਾਰਚ 2003 ਤੋਂ ਚੱਲੀ ਆ ਰਹੀ ਹੈ ਅਤੇ ਹੁਣ ਲੋਕਾਂ ਦੀ ਸਲਾਹ ਲੈਣ ਦੇ ਪਹਿਲੇ ਪੜਾ ਵਿਚ ਪਰਵੇਸ਼ ਕਰ ਚੁੱਕੀ ਹੈ। ਇਹ ਸੰਭਵ ਹੈ ਕਿ ਇਸ ਅਲੋਚਨਾ ਦੇ ਨਤੀਜੇ ਵਲੋਂ ਕੀਤੇ ਗਏ ਫੈਸਲਿਆਂ ਦਾ ਅਸਰ ਨਿਊਜ਼ੀਲੈਂਡ ਵਿਚ ਹਰ ਖਾਣਾ ਪੈਦਾ ਕਰਨ ਵਾਲੇ ਉਪਰ ਹੋਏਗਾ - ਵੱਡੀਆਂ ਫੈਕਟਰੀਆਂ ਤੋਂ ਲੈਕੇ, ਕੋਨੇ ਤੇ ਡੇਅਰੀ ਦੀ ਦੁਕਾਨ ਤੱਕ, ਰੈਸਟੋਰੈਂਟ ਤੋਂ ਲੈਕੇ ਤਿਆਰ ਕੀਤਾ ਖਾਣਾ ਵੇਚਣ ਵਾਲਿਆਂ ਤੱਕ।

## ਹੁਣ ਤੱਕ ਕਹਾਣੀ ਇਹ ਹੈ. . .

ਜਦੋਂ `ਨਿਊਜ਼ੀਲੈਂਡ ਖਾਣ ਵਾਲੇ ਪਦਾਰਥਾਂ ਦੀ ਸੁਰੱਖਿਆ ਦੀ ਸੰਸਥਾ` (NZFSA) ਦੀ ਸਥਾਪਨਾ ਜੁਲਾਈ 2002 ਵਿੱਚ ਕੀਤੀ ਗਈ ਸੀ ਤਾਂ ਇਸਨੂੰ ਇਹ ਫਰਜ਼ ਸੌਂਪਿਆ ਗਿਆ ਸੀ ਕਿ ਨਿਊਜ਼ੀਲੈਂਡ ਵਿਚ ਇਕ ਖਾਣ ਵਾਲੇ ਪਦਾਰਥਾਂ ਬਾਰੇ ਇਕ ਅਸਰਦਾਰ ਕਾਨੂੰਨ ਕਾਇਮ ਰੱਖਣ ਵਾਲਾ ਪਰੋਗਰਾਮ ਪੇਸ਼ ਕਰੇ। ਇਹ ਉਦੇਸ਼ ਪੂਰਾ ਕਰਨ ਲਈ , ਅਤੇ ਸਰਕਾਰ, ਉਦਯੋਗ, ਤੇ ਗਾਹਕਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ, ਨਿਊਜ਼ੀਲੈਂਡ ਵਿਚ ਨਿਯੰਤਰਣ ਨੂੰ ਕਾਇਮ ਰੱਖਣ ਵਾਲੇ ਪਰੋਗਰਾਮ ਉਤੇ ਮੁੜ ਵਿਚਾਰ `ਨਿਊਜ਼ੀਲੈਂਡ ਖਾਣ ਵਾਲੇ ਪਦਾਰਥਾਂ ਦੀ ਸੁਰੱਖਿਆ ਦੀ ਸੰਸਥਾ` (NZFSA) ਕਰ ਰਹੀ ਹੈ।

`ਨਿਊਜ਼ੀਲੈਂਡ ਖਾਣ ਵਾਲੇ ਪਦਾਰਥਾਂ ਦੀ ਸੁਰੱਖਿਆ ਦੀ ਸੰਸਥਾ` (NZFSA) ਨੇ `ਘਰੇਲੂ ਖਾਣ ਵਾਲੇ ਪਦਾਰਥਾਂ ਦੀ ਅਲੋਚਨਾ` ਦਾ ਐਲਾਨ ਮਾਰਚ 2003 ਵਿਚ ਕੀਤਾ ਸੀ। ਇਹ ਇਕ ਲੰਮਾ ਸਮਾ ਲੈਣ ਵਾਲੀ ਯੋਜਨਾ ਹੈ ਅਤੇ ਉਮੀਦ ਹੈ ਕਿ ਇਸ ਨੂੰ ਪੰਜ ਸਾਲ ਤੱਕ ਸਮਾ ਲੱਗੇਗਾ। ਪਿਛਲੇ 30 ਸਾਲ ਦੇ ਦੌਰਾਨ, ਇਹ ਸਿਰਫ ਦੂਸਰੀ ਵਾਰ ਹੀ ਹੈ ਜਦੋਂ ਕਿ ਨਿਊਜ਼ੀਲੈਂਡ ਦੇ ਖਾਣ ਵਾਲੇ ਪਦਾਰਥਾਂ ਦੇ ਉਪਰ ਲੱਗੇ ਕੰਟਰੋਲਾਂ ਉਤੇ ਕਿ ਵੱਡੀ ਵਿਚਾਰ ਕੀਇਤੀ ਗਈ ਹੈ।

## ਮੌਜੂਦਾ ਸਮੇਂ ਨਿਯਮਾਂ ਦੀ ਕੀ ਸਮੱਸਿਆ ਹੈ?

ਨਿਊਜ਼ੀਲੈਂਡ ਖਾਣ ਵਾਲੇ ਪਦਾਰਥਾਂ ਦੀ ਸੁਰੱਖਿਆ ਦੀ ਸੰਸਥਾ` (NZFSA) ਨੇ (ਲੋਕਲ ਸਰਕਾਰੀ, ਉਦਯੋਗ ਅਤੇ ਪਬਲਿਕ ਸਿਹਤ ਦੇ ਖੇਤਰ ਵਿਚ ਕੰਮ ਕਰਦੇ ਲੋਕਾਂ ਦੇ ਵਿਚਾਰ ਜਾਨਣ ਤੋਂ ਬਾਦ) ਕੁਝ ਸਮੱਸਿਆਵਾਂ ਦੀ ਪਹਿਚਾਣ ਕੀਤੀ ਹੈ ਅਤੇ ਉਹ ਵਿਚਾਰ-ਵਟਾਂਦਰੇ ਦੇ ਕਾਗਜ਼ ਪੱਤਰਾਂ ਵਿਚ ਸ਼ਾਮਲ ਹਨ।

ਇਹਨਾ ਸਮੱਸਿਆਵਾਂ ਵਿਚ ਸ਼ਾਮਲ ਹਨ:

- ਗੜਬੜੀ ਜੋ ਕਿ ਜਦੋਂ ਵੀ ਸਰਕਾਰ ਸ਼ਾਮਲ ਹੋਏ ਤਾਂ ਹੁੰਦੀ ਹੈ
- ਉਹ ਸਮੱਸਿਆਵਾਂ ਜੋ ਕਿ ਮੌਜੂਦਾ ਕੰਟਰੋਲਾਂ ਦੇ ਲਾਗੂ ਕਰਨ ਵਿਚ ਆਉਂਦੀਆਂ ਹਨ, ਜਿਵੇਂ ਕਿ ਵਿਉਪਾਰ ਦਾ ਆਕਾਰ, ਸਬੰਧਤ ਖਤਰੇ, ਖਾਣ ਵਾਲੀਆਂ ਚੀਜਾਂ ਦੀਆਂ ਕਿਸਮਾਂ ਅਤੇ ਸਬੰਧਤ ਪੈਦਾ ਕੀਤੀਆਂ ਵਸਤੂਆਂ।
- ਕੰਟਰੋਲਾਂ ਦੀ ਪੇਚੀਦਗੀ
- ਕੁਝ ਕੰਟਰੋਲਾਂ ਦੇ ਅਮਲ ਕਰਨ ਵਿਚ ਘਾਟ
- ਵਿਉਪਾਰ ਉਪਰ ਹੋਏ ਅਸਰ ਵਿਚ ਬੇਅਸੂਲਾਪਣ
- `ਨਿਊਜ਼ੀਲੈਂਡ ਖਾਣ ਵਾਲੇ ਪਦਾਰਥਾਂ ਦੀ ਸੁਰੱਖਿਆ ਦੀ ਸੰਸਥਾ` (NZFSA) ਵਲੋਂ, ਵਿਧਾਨ ਬਣਾਨ ਵਾਲੀ ਏਜੰਸੀ ਦੇ ਤੌਰ ਤੇ, ਸਹੂਲਤ ਅਤੇ ਅਗਵਾਈ ਕਿੰਨੀ ਕੁ ਦਿੱਤੀ ਜਾਵੇ ਅਤੇ `ਵਿਅਕਤੀ` ਆਪਣੇ ਆਪ ਵਾਸਤੇ ਜਰੂਰੀ ਕੀ ਕਰਨ, ਇਸ ਬਾਰੇ ਇਕਸਾਰਤਾ ਦੀ ਘਾਟ ਹੈ
- ਮੁੱਖ ਪਾਰਟੀਆਂ (ਲੋਕ, ਲੇਖਾ-ਪਰੀਖਿਅਕ,ਨਿਯੰਤਰਕ ਅਤੇ ਵਿਧਾਨ ਬਣਾਨ ਵਾਲੇ) ਦੀਆਂ ਜ਼ਿੰਮੇਵਾਰੀਆਂ ਸਪੱਸ਼ਟ ਨਹੀਂ ਹਨ

- ਵਧੀਆ ਸਾਫ-ਸਫਾਈ ਦੇ ਵਿਹਾਰ ਅਤੇ ਹੋਰ ਮੁੱਖ ਖਿਆਲਾਂ ਬਾਰੇ ਆਮ ਸਮਝ ਦੀ ਘਾਟ

- ਕਾਨੂੰਨ ਦੇ ਦੁਹਰੇਪਣ, ਇਕ ਕਾਨੂੰਨ ਦਾ ਦੂਸਰੇ ਕਾਨੂੰਨ ਉਪਰ ਅਸਰ ਅਤੇ ਕਾਨੂੰਨਾਂ ਵਿਚ ਫਰਕ ਹੋਣ ਦੇ ਕਾਰਨ `ਵਿਅਕਤੀਆਂ` ਨੂੰ ਕੀਮਤ ਦੇਣੀ ਪੈਂਦੀ ਹੈ

- ਖਾਣ ਵਾਲੇ ਪਦਾਰਥਾਂ ਦੇ ਖੇਤਰ ਵਿਚ ਸੰਭਾਵੀ ਘਾਟੇ ਦੇ ਮੁਲਾਂਕਣਾਂ ਦੀ ਅਣਹੋਂਦ

## ਇਸ ਅਲੋਚਨਾ ਦੁਆਰਾ ਕੀ ਪਰਾਪਤ ਹੋਏਗਾ?

ਇਹ ਅਲੋਚਨਾ, ਖਾਣ ਵਾਲੇ ਪਦਾਰਥਾਂ ਬਾਰੇ ਨਿਯੰਤਰਣ ਨੂੰ ਕਾਇਮ ਰੱਖਣ ਵਾਲਾ ਇਕ ਪਰੋਗਰਾਮ ਸਥਾਪਤ ਕਰੇਗੀ ਜੋ ਕਿ ਸਾਰਿਆਂ ਉਪਰ ਲਾਗੂ ਹੋਏਗਾ। ਖਾਣ ਵਾਲੇ ਪਦਾਰਥਾਂ ਨਾਲ ਸਬੰਧਤ ਸਭ ਤੋਂ ਵੱਡੇ ਅਤੇ ਸਭ ਤੋਂ ਛੋਟੇ ਰੁਝੇਵੇਂ ਉਪਰ ਇਸ ਪਰੋਗਰਾਮ ਦੇ ਲਾਗੂ ਹੋਣ ਦੀ ਲੋੜ ਹੈ।

`ਨਿਊਜ਼ੀਲੈਂਡ ਖਾਣ ਵਾਲੇ ਪਦਾਰਥਾਂ ਦੀ ਸੁਰੱਖਿਆ ਦੀ ਸੰਸਥਾ` (NZFSA) ਦਾ ਮੁੱਖ ਉਦੇਸ਼ ਇਹ ਹੈ ਕਿ ਇਕ ਇਕਸਾਰ ਤੇ ਵਧੀਆ ਪਰੋਗਰਾਮ ਦਾ ਪਰਬੰਧ ਕਰੇ ਜਿਸ ਦੇ ਕਾਰਨ ਨਿਊਜ਼ੀਲੈਂਡ ਵਿਚ ਖਾਣੇ ਦੇ ਕਾਰਨ ਬੀਮਾਰੀ ਦੀਆਂ ਘਟਨਾਵਾਂ ਵਿਚ ਘਾਟਾ ਆਵੇ।

## ਇਸ ਦਾ ਅਸਰ ਕਿਸ ਉਪਰ ਹੋਏਗਾ?

ਘਰੇਲੂ ਖਾਣੇ ਵਾਲੇ ਪਦਾਰਥਾਂ ਵਿਚ ਉਹ ਸਾਰੇ ਵੇਚੇ ਗਏ (ਜਿਸ ਵਿਚ ਦੂਸਰੇ ਦੇਸ਼ਾਂ ਤੋਂ ਲਿਆਂਦੇ ਗਏ ਖਾਣੇ ਵੀ ਸ਼ਾਮਿਲ ਹਨ) ਅਤੇ ਨਿਊਜ਼ੀਲੈਂਡ ਵਿਚ ਪੈਦਾ ਕੀਤੇ ਗਏ ਸਾਰੇ ਖਾਣ ਵਾਲੇ ਪਦਾਰਥ ਸ਼ਾਮਿਲ ਹਨ। ਇਸ ਵਿਚ ਵੱਡੇ ਸੁਪਰ-ਸਟੋਰ, ਕੈਫੇ ਅਤੇ ਰੈਸਟੋਰੈਂਟ ਦੁਆਰਾ ਵੇਚੇ ਗਏ ਖਾਣ ਵਾਲੇ ਪਦਾਰਥ ਸ਼ਾਮਿਲ ਹਨ। ਇਸ ਕਾਰਨ ਇਸ ਅਲੋਚਨਾ ਦਾ ਅਸਰ ਉਹਨਾਂ ਸਾਰਿਆਂ ਤੇ ਹੋਏਗਾ ਜੋ ਖਾਣ ਦੇ ਪਦਾਰਥਾਂ ਦੇ ਖੇਤਰ ਵਿਚ ਕੰਮ ਕਰਦੇ ਹਨ।

## ਕੀ ਬਦਲ ਜਾਵੇਗਾ?

ਇਸ ਅਲੋਚਨਾ ਦੇ ਨਾਲ ਇਹ ਸੰਭਵ ਹੈ ਕਿ ਨਿਊਜ਼ੀਲੈਂਡ ਵਿਚ ਸੁਰੱਖਿਅਤ ਖਾਣ ਵਾਲੇ ਪਦਾਰਥਾਂ ਦੇ ਵੰਡਣ ਵਿਚ ਜਿਆਦਾ ਇਕਸਾਰਤਾ ਆਵੇਗੀ। ਇਸ ਨਾਲ ਉਹਨਾਂ ਮੁਖ ਖੇਤਰਾਂ ਨੂੰ ਪਛਾਣ ਵਿਚ ਪਹਿਲ ਦਿੱਤੀ ਜਾਵੇਗੀ ਜਿਥੇ ਖਤਰਾ ਸਭ ਤੋਂ ਜਿਆਦਾ ਹੈ ਅਤੇ ਖਾਣ ਵਾਲੇ ਪਦਾਰਥਾਂ ਦੇ ਸੁਰੱਖਿਅਤ ਹੋਣ ਦੀ ਜਿੰਮੇਵਾਰੀ ਉਹਨਾਂ ਤੇ ਪਾਈ ਜਾਵੇਗੀ ਜੋ ਕਿ ਉਸ ਪਦਾਰਥਾਂ ਦੇ ਪੈਦਾ ਕਰਨ ਵਿਚ ਲੱਗੇ ਹੋਏ ਹਨ।

ਇਸ ਵੇਲੇ ਖਾਣ ਵਾਲੇ ਪਦਾਰਥਾਂ ਦੀਆਂ ਲੋੜਾਂ ਦਾ ਪਰਬੰਧ, ਅਲੱਗ ਅਲੱਗ ਤਰਾਂ ਦੇ ਪੰਜ ਕਾਨੂੰਨਾਂ ਦੇ ਅਧੀਨ ਕੀਤਾ ਜਾਂਦਾ ਹੈ। `ਨਿਊਜ਼ੀਲੈਂਡ ਖਾਣ ਵਾਲੇ ਪਦਾਰਥਾਂ ਦੀ ਸੁਰੱਖਿਆ ਦੀ ਸੰਸਥਾ` (NZFSA) ਇਹ ਦੇਖਣਾ ਚਾਹੁੰਦੀ ਹੈ ਕਿ ਇਹ ਸਾਰੇ ਨਿਯੰਤਰਣ ਨੂੰ ਕਾਇਮ ਰੱਖਣ ਵਾਲੇ ਢਾਂਚਿਆਂ ਦੇ ਵਿਚਕਾਰ ਅਸੂਲਾਂ ਵਿਚ ਇਕਸੁਰਤਾ ਹੋਵੇ ਅਤੇ ਉਹਨਾਂ ਦੀਆਂ ਲੋੜਾਂ ਵਿਚ ਇਕਸਾਰਤਾ ਹੋਵੇ।

ਮਤਲਬ ਇਹ ਕਿ `ਨਿਊਜ਼ੀਲੈਂਡ ਖਾਣ ਵਾਲੇ ਪਦਾਰਥਾਂ ਦੀ ਸੁਰੱਖਿਆ ਦੀ ਸੰਸਥਾ` (NZFSA) ਇਹ ਦੇਖਣਾ ਪਸੰਦ ਕਰੇਗੀ ਕਿ ਵਿਧਾਨ ਨੂੰ ਕਾਇਮ ਰੱਖਣ ਵਾਲਾ ਸਿਸਟਮ, ਜਿਥੋਂ ਤੱਕ ਸੰਭਵ ਹੋਵੇ, ਸਾਦਾ ਹੋਵੇ ਅਤੇ ਇਕਸਾਰਤਾ ਵਾਲਾ ਹੋਵੇ।

ਇਹ ਪਰਸਤਾਵ ਪੇਸ਼ ਕੀਤਾ ਜਾਂਦਾ ਹੈ ਕਿ ਸਾਦਾ ਤਿੰਨ-ਪੱਧਰਾ `ਨਿਯੰਤਰਣ ਨੂੰ ਕਾਇਮ ਰੱਖਣ ਵਾਲਾ ਮਾਡਲ` (Regulatory Model) (ਜਿਸਦਾ ਵਿਸਥਾਰ ਥੱਲੇ ਹੈ) ਕਾਇਮ ਰੱਖਿਆ ਜਾਵੇ, ਜੋ ਕਿ 1990 ਦੇ ਸਾਲਾਂ ਵਿਚ ਵਧਾ-ਫਲਾ ਕੇ ਖਾਣ ਵਾਲੇ ਪਦਾਰਥਾਂ ਦੇ ਖੇਤਰ ਵਿਚ ਲਾਗੂ ਕੀਤਾ ਗਿਆ ਸੀ। ਇਸ ਨਾਲ ਖਾਣ ਵਾਲੇ ਪਦਾਰਥਾਂ ਦੇ ਖੇਤਰ ਵਿਚ, ਸਰਕਾਰ ਦੇ ਸ਼ਾਮਿਲ ਹੋਣ ਦੀ ਬੁਨਿਆਦ ਦਾ ਪਰਬੰਧ ਚਾਲੂ ਰਹੇਗਾ। `ਨਿਊਜ਼ੀਲੈਂਡ ਖਾਣ ਵਾਲੇ ਪਦਾਰਥਾਂ ਦੀ ਸੁਰੱਖਿਆ ਦੀ ਸੰਸਥਾ` (NZFSA) ਸਥਾਪਤ ਕਰਨ ਵੇਲੇ, ਸਰਕਾਰ ਨੇ ਇਹ ਫੈਸਲਾ ਕੀਤਾ ਕਿ ਇਹ ਠੀਕ ਰਸਤਾ ਹੈ ਅਤੇ ਇਸ ਨਾਲ ਸਰਕਾਰ ਦੁਆਰਾ ਲਏ ਗਏ ਦੂਸਰੇ ਰਸਤਿਆਂ ਨਾਲ (ਜਿਵੇਂ ਕਿ ਸਿਹਤ ਦੇ ਪੇਸ਼ਾਵਰਾਂ ਦਾ ਰਸਤਾ ਵਗੈਰਾ) ਇਹ ਠੀਕ ਸੇਧ ਵਿਚ ਹੋਏਗਾ।

ਇਸ ਮਾਡਲ ਵਿਚ ਤਿੰਨ ਵੱਖਰੇ ਵੱਖਰੇ ਖਿਡਾਰੀ ਸ਼ਾਮਿਲ ਹਨः

- ਵਿਧਾਨ ਨੂੰ ਕਾਇਮ ਰੱਖਣ ਵਾਲਾ - `ਨਿਊਜ਼ੀਲੈਂਡ ਖਾਣ ਵਾਲੇ ਪਦਾਰਥਾਂ ਦੀ ਸੁਰੱਖਿਆ ਦੀ ਸੰਸਥਾ` (NZFSA), ਸਰਕਾਰੀ ਸਿਹਤ ਦੀਆਂ ਸ਼ਾਖਾਵਾਂ ਅਤੇ ਸਥਾਨਕ ਕੌਂਸਿਲ ਜਾਂ ਸਥਾਨਕ ਸਰਕਾਰ

- ਤਸਦੀਕ ਕਰਨ ਵਾਲਾ - ਕੋਈ ਵੀ ਏਜੰਸੀ ਜੋ ਕਿ ਬਾਹਰਲੀ ਤਸਦੀਕ ਕਰਨ ਦਾ ਕੰਮ ਕਰੇਗੀ, ਜਿਸ ਵਿਚ `ਨਿਊਜ਼ੀਲੈਂਡ ਖਾਣ ਵਾਲੇ ਪਦਾਰਥਾਂ ਦੀ ਸੁਰੱਖਿਆ ਦੀ ਸੰਸਥਾ` (NZFSA) ਦੀ `ਤਸਦੀਕ ਕਰਨ ਵਾਲੀ ਏਜੰਸੀ (Verification Agency) ਵੀ ਸ਼ਾਮਿਲ ਹੈ

- `ਵਿਅਕਤੀ`- ਕੋਈ ਵੀ ਆਦਮੀ/ਔਰਤ ਜਾਂ ਸੰਸਥਾ ਜੋ ਕਿ ਖਾਣ ਵਾਲੇ ਪਦਾਰਥ ਦੇ ਵਿਉਪਾਰ ਵਿਚ ਸ਼ਾਮਲ ਹੈ।

ਇਸ ਮਾਡਲ ਵਿਚ, `ਨਿਊਜ਼ੀਲੈਂਡ ਖਾਣ ਵਾਲੇ ਪਦਾਰਥਾਂ ਦੀ ਸੁਰੱਖਿਆ ਦੀ ਸੰਸਥਾ` (NZFSA) ਮੁੱਖ ਵਿਧਾਨ ਬਣਾਉਣ ਵਾਲੀ ਸੰਸਥਾ ਹੈ, ਜਿਸਦੀ ਨਿਊਜ਼ੀਲੈਂਡ ਵਿਚ ਖਾਣ ਵਾਲੇ ਪਦਾਰਥਾਂ ਦੇ ਪਰਬੰਧ ਕਰਨ ਦੇ ਉਪਰ ਕੰਟਰੋਲ ਲਗਾਣ ਦੀ ਜੁੰਮੇਵਾਰੀ ਹੈ। ਇਸ ਦੀ ਜੁੰਮੇਵਾਰੀ ਇਹ ਵੀ ਹੈ ਕਿ ਇਹ ਖਾਣ ਵਾਲੇ ਪਦਾਰਥਾਂ ਤੇ ਵਿਧਾਨ ਨੂੰ ਕਾਇਮ ਰੱਖਣ ਵਾਲੇ ਪਰੋਗਰਾਮ ਦੀ ਸਮੁੱਚੇ ਤੌਰ ਤੇ ਅਦਾਕਾਰੀ ਕਰੇ ਤੇ ਇਸਨੂੰ ਲਾਗੂ ਕਰੇ।

`ਨਿਊਜ਼ੀਲੈਂਡ ਖਾਣ ਵਾਲੇ ਪਦਾਰਥਾਂ ਦੀ ਸੁਰੱਖਿਆ ਦੀ ਸੰਸਥਾ` (NZFSA),ਨਿਯੰਤਰਣ ਨੂੰ ਕਾਇਮ ਰੱਖਣ ਲਈ ਜਵਾਬਦੇਹੀ ਹੈ ਇਸਦੇ ਲਾਗੂ ਕਰਨ ਦੇ ਇਹਨਾਂ ਸਾਧਨਾਂ ਦਾ ਪਰਬੰਧ ਕਰਦੀ ਹੈ ਜਿਸ ਵਿਚ ਸ਼ਾਮਲ ਹਨः

- ਖਾਣ ਵਾਲੇ ਪਦਾਰਥਾਂ ਦੀ ਸੁਰੱਖਿਆ
- ਖਾਣ ਵਾਲੇ ਪਦਾਰਥਾਂ ਦੀ ਅਨੁਕੂਲਤਾ
- ਅਤੇ ਖਾਣ ਵਾਲੇ ਪਦਾਰਥਾਂ ਦੇ ਵਿਧਾਨ ਨੂੰ ਕਾਇਮ ਰੱਖਣ ਵਾਲੇ ਪਰੋਗਰਾਮ ਦੇ ਉਹ ਪਹਿਲੂ ਜਿਵੇਂ ਕਿ ਨਾ-ਖਾਣ ਵਾਲੇ ਪਦਾਰਥਾਂ ਨੂੰ ਨਿਰਯਾਤ ਕਰਨ (ਬਾਹਰ ਭੇਜਣ) ਵਾਲਿਆਂ ਨੂੰ ਸਰਕਾਰੀ ਤਸੱਲੀਆਂ ਦੇਣਾ।

## ਇਸ ਦਾ ਫਾਇਦਾ ਕਿਸ ਨੂੰ ਹੋਵੇਗਾ?

- ਸਾਰੇ ਨਿਊਜ਼ੀਲੈਂਡ ਦੇ  ਵਾਸੀਆਂ ਨੂੰ, ਗਾਹਕਾਂ ਦੇ ਤੌਰ ਤੇ, ਫਾਇਦਾ ਹੋਵੇਗਾ
- ਦੋਹਰਾ ਨੂੰ ਘੱਟ ਕਰਨ ਜਾਂ ਹਟਾਉਣ ਕਾਰਨ, ਉਦਯੋਗ ਨੂੰ ਫਾਇਦਾ ਹੋਏਗਾ
- ਇਕਸੁਰਤਾ ਅਤੇ ਸੁਧਾਰ ਕਰਨ ਨਾਲ, ਉਦਯੋਗ ਵਲੋਂ ਪੂਰੀਆਂ ਕਰਨ ਵਾਲੀਆਂ ਲੋੜਾਂ ਨੂੰ ਸਿੱਧਾ ਤੇ ਸਾਫ ਕੀਤਾ ਜਾਵੇਗਾ।

ਉਦਾਹਰਨ ਵਜੋਂ, ਮੌਜੂਦਾ ਸਿਸਟਮ ਦੇ ਅਧੀਨ, ਇਕੋ ਨਤੀਜਾ ਕੱਢਣ ਲਈ, ਉਤਪਾਦਨ ਕਰਨ ਵਾਲੇ ਵਿਉਪਾਰਾਂ ਨੂੰ ਇਕੋ ਫੈਕਟਰੀ ਵਿਚ ਬਣਾਈਆਂ ਜਾਂਦੀਆਂ ਅਲੱਗ ਅਲੱਗ ਵਸਤੂਆਂ ਪੈਦਾ ਕਰਨ ਲਈ, ਅਲੱਗ ਅਲੱਗ ਚੀਜ਼ਾਂ ਕਰਨੀਆਂ ਪੈਂਦੀਆਂ ਹਨ। ਅਤੇ ਇਕ-ਤੋਂ-ਵੱਧ ਸਥਾਨ  ਦੀ ਸੁਪਰ-ਮੰਡੀ ਦੀ ਲੜੀ ਨੂੰ, ਅਲੱਗ ਅਲੱਗ ਇਲਾਕਿਆਂ ਵਿਚ, ਸ਼ਾਇਦ ਅਲੱਗ ਅਲੱਗ ਸਥਾਨਕ ਮਿਆਰ ਪੂਰੇ ਕਰਨੇ ਪੈਂਦੇ ਹਨ।
`ਨਿਊਜ਼ੀਲੈਂਡ ਖਾਣ ਵਾਲੇ ਪਦਾਰਥਾਂ ਦੀ ਸੁਰੱਖਿਆ ਦੀ ਸੰਸਥਾ` (NZFSA), ਇਹ ਚਾਹੇਗੀ ਕਿ, ਇਕ ਐਸਾ ਸਿਸਟਮ ਹੋਵੇ ਜਿਸ ਨਾਲ ਖਾਣ ਵਾਲੇ ਪਦਾਰਥਾਂ ਦੇ ਵਿਉਪਾਰਾਂ ਨੂੰ ਇਹ ਮੌਕਾ ਦਿੱਤਾ ਜਾਵੇ ਕਿ ਉਹ ਇਕ ਵਿਸਤਰਤ ਪਰੋਗਰਾਮ ਚਲਾਣ ਜਿਸ ਨਾਲ ਖਾਣ ਵਾਲੇ ਪਦਾਰਥਾਂ ਦੀ ਸੁਰੱਖਿਆ ਦੀਆਂ ਸਾਰੀਆਂ ਸਬੰਧਤ ਲੋੜਾਂ ਨੂੰ ਪੂਰਾ ਕੀਤਾ ਜਾਵੇ। ਇਸ ਨਾਲ ਇਹਨਾਂ ਵਿਉਪਾਰਾਂ ਲਈ, ਸਾਰੇ ਕਾਨੂੰਨਾਂ ਦੀਆਂ ਲੋੜਾਂ ਨੂੰ ਪੂਰਾ ਕਰਨਾ ਸੌਖਾ ਹੋ ਜਾਵੇ।

ਅਸਰਦਾਰ ਤਰੀਕੇ ਨਾਲ ਕਾਨੂੰਨ ਨੂੰ ਲਾਗੂ ਕਰਨ ਲਈ ਤੇ ਕਾਨੂੰਨ ਦੀ ਨਿਗਰਾਨੀ ਕਰਨ ਲਈ, ਤਸਦੀਕ ਕਰਨ ਵਾਲੇ ਅਫ਼ਸਰ ਅਤੇ ਕਾਨੂੰਨ ਨੂੰ ਲਾਗੂ ਕਰਨ ਵਾਲੇ ਅਫ਼ਸਰਾਂ ਨੂੰ ਹੁਣ ਕਾਨੂੰਨਾਂ ਵਿਚ ਵਿਸ਼ਾਲ ਫ਼ਰਕਾਂ ਬਾਰੇ ਜਾਣਕਾਰੀ  ਦੀ ਲੋੜ ਹੈ। ਕਾਨੂੰਨਾ ਦੀ ਇਕਸੁਰਤਾ ਨਾਲ ਇਹ ਪੇਚੀਦਗੀ ਘਟ ਜਾਵੇਗੀ।

ਇਹਨਾਂ ਸਾਰੇ ਕਾਰਨਾਂ ਦਾ ਨਤੀਜਾ ਇਹ ਹੋਵੇਗਾ ਕਿ ਇਕ ਜਿਆਦਾ ਅਸਰਦਾਰ ਖਾਣ ਵਾਲੇ ਪਦਾਰਥ ਦੀ ਲੋੜ ਪੂਰੀ ਕਰਨ ਵਾਲੇ ਪਦਾਰਥਾਂ ਦੀ ਸੁਰੱਖਿਆ ਨਾਲ, ਸਾਰੇ ਖਪਤਕਾਰਾਂ ਨੂੰ ਫ਼ਾਇਦਾ ਹੋਵੇਗਾ।

## ਹੁਣ ਤੱਕ ਕੀ ਹੋ ਚੁੱਕਿਆ ਹੈ?

2003 ਵਿਚ, ਇਹ ਪੁਨਰ ਵਿਚਾਰ ਦੀ ਸ਼ੁਰੂਆਤ ਕਰਨ ਲਈ, `ਨਿਊਜ਼ੀਲੈਂਡ ਖਾਣ ਵਾਲੇ ਪਦਾਰਥਾਂ ਦੀ ਸੁਰੱਖਿਆ ਦੀ ਸੰਸਥਾ` (NZFSA) , ਔਕਲੈਂਡ, ਵੈਲਿੰਗਟਨ ਅਤੇ ਕਰਾਈਸਟਚਰਚ ਦੇ ਉਦਯੋਗਕਾਂ ਨੂੰ ਮਿਲੀ। ਉਸ ਸਮੇਂ ਤੋਂ ਲੈਕੇ, `ਨਿਊਜ਼ੀਲੈਂਡ ਖਾਣ ਵਾਲੇ ਪਦਾਰਥਾਂ ਦੀ ਸੁਰੱਖਿਆ ਦੀ ਸੰਸਥਾ` (NZFSA), ਕੁਝ `ਸੰਕਲਪਕ ਖਾਕੇ` ਉਪਰ,  ਸਿਹਤ ਦੇ ਸੰਗਠਨ ਨਾਲ, ਸਥਾਨਕ ਕੌਂਸਿਲ ਦੇ ਨਾਲ ਅਤੇ ਨਿਊਜ਼ੀਲੈਂਡ ਦੀ ਸਥਾਨਕ ਸਰਕਾਰ ਦੇ ਪਰਤੀਨਿਧਾਂ ਨਾਲ ਕੰਮ ਕਰਦੀ ਰਹੀ ਹੈ। ਮਈ 2004 ਵਿਚ, ਕੁਝ ਮੁਲਾਕਾਤਾਂ ਉਦਯੋਗ ਦੀ ਮੰਡਲੀ ਨਾਲ ਹੋਈਆਂ, ਜਿੱਥੇ ਕਿ ਇਨਾਂ ਕਾਗਜ਼ਾਂ ਉਪਰ ਵਿਚਾਰ ਵਟਾਂਦਰਾ ਹੋਇਆ। `ਨਿਊਜ਼ੀਲੈਂਡ ਖਾਣ ਵਾਲੇ ਪਦਾਰਥਾਂ ਦੀ ਸੁਰੱਖਿਆ ਦੀ ਸੰਸਥਾ` (NZFSA), ਅਲੱਗ ਅਲੱਗ ਇਲਾਕਿਆਂ ਵਿਚ ਲਾਗੂ ਖਾਣੇ ਦੇ ਪਦਾਰਥਾਂ ਦੀ ਸੁਰੱਖਿਆ ਬਾਰੇ ਵੀ ਸੂਚਨਾਂ ਇਕੱਠੀ ਕਰਦੀ ਰਹੀ ਹੈ।

## ਅਲੋਚਨਾ ਦੇ ਮੁੱਖ ਪਹਿਲੂ

- ਤਰਕੀਬ ਤੇ ਯੋਜਨਾ ਦੀ ਵਿਆਖਿਆ ਕਰਨੀ
- ਵਿਚਾਰ ਦੀ ਤਰੱਕੀ ਕਰਨੀ ਤੇ ਚੋਣਾਂ ਦੀ ਪਹਿਚਾਣ ਕਰਨੀ
- ਲੋਕਾਂ ਲਈ, ਵਿਚਾਰ ਵਟਾਂਦਰੇ ਕਰਨ ਲਈ, `ਸੰਕਲਪ ਦੇ ਕਾਗਜ਼ਾਂ` ਨੂੰ ਪੈਦਾ ਕਰਨਾ
- ਆਦਾਨ ਦੀ ਛਾਣ-ਬੀਣ ਕਰਨੀ ਅਤੇ ਵਿਚਾਰ ਵਿਧੀ ਨੂੰ ਨਵਾਂ ਰੂਪ ਦੇਣਾ
- ਵਿਚਾਰ ਵਿਧੀ ਦਾ ਸਰਕਾਰ ਦੁਆਰਾ ਵਿਚਾਰਨਾ
- ਵਿਧਾਨਕ ਤਬਦੀਲੀ
- ਲਾਗੂ ਕਰਨਾ

## ਲੋਕਾਂ ਦੀ ਸਲਾਹ ਲੈਣ ਦੀ ਤਰਕੀਬ

22 ਸਤੰਬਰ 2004 ਨੂੰ, `ਨਿਊਜ਼ੀਲੈਂਡ ਖਾਣ ਵਾਲੇ ਪਦਾਰਥਾਂ ਦੀ ਸੁਰੱਖਿਆ ਦੀ ਸੰਸਥਾ` (NZFSA), ਨੇ ਲੋਕਾਂ ਦੀ ਸਲਾਹ ਲੈਣ ਲਈ ਚਾਰ ਸੰਕਲਪਕ ਕਾਗਜ਼ਾਂ` ਨੂੰ ਪਰਕਾਸ਼ਿਤ ਕੀਤਾ। ਪੰਜਵਾਂ ਕਾਗਜ਼ ਜੋ ਕਿ ਕੀਮਤ ਦੀ ਵਸੂਲੀ ਕਰਨ ਵਾਲੇ ਸੀ, ਉਹ 10 ਦਸੰਬਰ ਨੂੰ ਪਰਕਾਸ਼ਤ ਕੀਤਾ ਗਿਆ ਸੀ। ਇਨਾਂ ਸਾਰੇ ਪੰਜ ਕਾਗਜ਼ਾਂ ਉਪਰ ਵਿਚਾਰ ਪਰਗਟ ਕਰਨ ਦੀ ਆਖਰੀ ਤਰੀਕ 28 ਫ਼ਰਬਰੀ 2005 ਹੈ।

## ਇਹਨਾਂ 2004 ਦੇ ਕਾਗਜ਼ਾਂ ਵਿਚ ਕੀ ਹੈ?

**ਕਾਗਜ਼ ਨੰਬਰ 1ঃ ਭੂਮਕਾ ਤੇ ਪਰਸੰਗ -** ਇਹ ਪੁਨਰ ਵਿਚਾਰ ਦਾ ਪਰਸੰਗ ਕਰਦਾ ਹੈ ਅਤੇ ਸਰਕਾਰ ਦੇ ਖਾਣ ਵਾਲੇ ਪਦਾਰਥਾਂ ਦੀ ਸੁਰੱਖਿਆ ਵਿਚ ਸ਼ਾਮਲ ਹੋਣ ਵਾਸਤੇ ਆਮ ਵਿਚਾਰ ਵਿਧੀ ਦੇ ਅਸੂਲਾਂ ਦਾ ਪਰਸਤਾਵ ਰੱਖਦਾ ਹੈ। ਇਸ ਦਾ ਉਦੇਸ਼ ਇਹ ਵੀ ਹੈ ਕਿ ਇਸ ਖੇਤਰ ਵਿਚ, ਭਵਿਖ ਵਿਚ ਬਣਨ ਵਾਲੇ ਅਸੂਲਾਂ ਨੂੰ ਵੀ ਸਹਾਰਾ ਦਿੱਤਾ ਜਾਵੇ।

**ਕਾਗਜ਼ ਨੰਬਰ 2ঃ ਵਿਧਾਨ ਨੂੰ ਕਾਇਮ ਰੱਖਣ ਵਾਲੇ ਫਰਜ਼, ਜੁੰਮਵਾਰੀਆਂ ਤੇ ਢਾਂਚੇ -** ਇਹ ਵਿਧਾਨ ਬਣਾਉਣ ਵਾਲੇ ਦੇ ਮੌਜੂਦਾ ਅਤੇ ਪਰਸਤਾਵ ਰੱਖੇ ਹੋਏ ਫਰਜ਼, ਜੁੰਮੇਵਾਰੀਆਂ ਤੇ ਢਾਂਚਿਆਂ ਦੀ ਵਿਆਖਿਆ ਕਰਦਾ ਹੈ, ਜੋ ਕਿ ਖਾਣ ਵਾਲੇ ਪਦਾਰਥਾਂ ਉਪਰ ਲਾਗੂ ਹਨ। ਇਹ ਵੀ ਦੱਸਿਆ ਗਿਆ ਹੈ ਕਿ ਇਸ ਵਿਚ ਕੇਂਦਰੀ ਸਰਕਾਰ, ਸਿਹਤ ਦੇ ਜਿਲੇ ਦੇ ਬੋਰਡ ਅਤੇ ਸਥਾਨਕ ਸਰਕਾਰ ਕਿਸ ਤਰਾਂ ਸ਼ਾਮਲ ਹੋਏਗੀ।

**ਕਾਗਜ਼ ਨੰਬਰ 3ঃ ਖਾਣ ਪਦਾਰਥ ਤੇ ਕੰਟਰੋਲ ਦੀਆਂ ਯੋਜਨਾਵਾਂ -** ਇਹ ਪਰਸਤਾਵ ਰੱਖਦਾ ਹੈ ਕਿ ਸਰਕਾਰ ਦਾ ਖਾਣ ਦੇ ਪਦਾਰਥਾਂ ਬਾਰੇ ਮੁੱਖ ਅਸੂਲ, ਉਨਾਂ ਖਤਰੇ-ਨਾਲ ਸਬੰਧਤ ਪਰੋਗਰਾਮ ਉਪਰ ਹੀ ਬਣਨੇ ਚਾਹੀਦੇ ਹਨ ਜੋ ਕਿ ਪਹਿਲੋਂ ਹੀ, ਖਾਣ ਦੇ ਉਦਯੋਗ ਦੇ ਵਿਚ ਜਿਆਦਾਤਰ ਲਾਗੂ ਹਨ।

**ਕਾਗਜ਼ ਨੰਬਰ 4ঃ ਖਾਣ ਦੇ ਪਦਾਰਥ ਤੇ ਕੰਟਰੋਲ ਦੀਆਂ ਯੋਜਨਾਵਾਂ ਦਾ ਲਾਗੂ ਕਰਨਾਂ -** ਇਹ ਪਰਸਤਾਵ ਕੀਤੀਆਂ ਖਾਣ ਦੇ ਪਦਾਰਥਾਂ ਉਪਰ ਕੰਟਰੋਲ ਦੀਆਂ ਯੋਜਨਾਵਾਂ ਬਾਰੇ ਹੈ ਜਿਵੇਂ ਕਿ ਰਜਿਸਟਰੀ, ਆਗਿਆ ਪਾਲਨ ਦੀ ਪੜਤਾਲ ਅਤੇ ਉਨਾਂ ਵਿਅਕਤਿਆਂ ਦੀ ਅਤੇ ਏਜੰਸੀਆਂ ਦੀ ਪਹਿਚਾਣ ਜੋ ਇਸ ਤਰਕੀਬ ਵਿੱਚ ਸ਼ਾਮਿਲ ਹਨ।

**ਕਾਗਜ਼ ਨੰਬਰ 5ঃ ਕੀਮਤ ਦੀ ਵਸੂਲੀ ਕਰਨੀ -** ਇਹ ਉਨਾਂ ਅਸੂਲਾਂ ਬਾਰੇ ਤੇ ਕੁਝ ਤਰੀਕਿਆਂ ਬਾਰੇ ਹੈ ਜਿੰਨਾਂ ਦੁਆਰਾ ਕੀਮਤ ਦੀ ਵਸੂਲੀ ਕਰਨ ਦਾ ਢਾਂਚਾ ਹੋਵੇ।

## ਆਪਣੇ ਵਿਚਾਰ ਪਰਗਟ ਕਰੋ

ਇਹ ਸਾਰੇ ਸੰਕਲਪਕ ਕਾਗਜ਼, `ਨਿਊਜ਼ੀਲੈਂਡ ਖਾਣ ਵਾਲੇ ਪਦਾਰਥਾਂ ਦੀ ਸੁਰੱਖਿਆ ਦੀ ਸੰਸਥਾ` (NZFSA) ਦੀ `ਵੈਬ-ਸਾਈਟ` (www.nzfsa.govt.nz) ਤੋਂ ਮਿਲ ਸਕਦੇ ਹਨ। ਜਾਂ
`ਨਿਊਜ਼ੀਲੈਂਡ ਖਾਣ ਵਾਲੇ ਪਦਾਰਥਾਂ ਦੀ ਸੁਰੱਖਿਆ ਦੀ ਸੰਸਥਾ` (NZFSA) ਨੂੰ ਮੁਫਤ ਫੋਨ ਕਰਕੇ ਸੰਪਰਕ ਪੈਦਾ ਕਰੋ।
ਫੋਨ ਨੰਬਰ ਹੈঃ 0800 NZFSA 1 (0800 693 721).

`ਈਮੇਲ` (Email) ਹੈঃ info@nzfsa.govt.nz

**ਕਾਗਜ਼ਾਂ ਉਪਰ ਵਿਚਾਰ ਹੇਠ ਲਿਖੇ ਪਤੇ ਤੇ ਭੇਜੇ ਜਾ ਸਕਦੇ ਹਨ ঃ**

Submissions
Domestic Food Review Policy Group
New Zealand Food Safety Authority
PO Box 2835
WELLINGTON
`ਈਮੇਲ` (Email) ਹੈঃ robbie.thomson@nzfsa.govt.nz
ਫੈਕਸ (Fax) ਦਾ ਨੰਬਰ ਹੈঃ (04) 463 2501